7/20/2021 IMG-20210720-WA0019.jpg

021 IMG-20210720-WA0020.jpg

# ਦਫ਼ਤਰ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ:ਸਿ:) ਮਾਨਸਾ)

ਵੱਲ

ਸਮੂਹ ਸਕੂਲ ਮੁਖੀ
(ਸਰਕਾਰੀ/ਏਡਿਡ/ਨਵੋਦਿਆ/ਆਦਰਸ਼ ਸਕੂਲਜ਼)
ਜ਼ਿਲ੍ਹਾ ਮਾਨਸਾ

ਪੱਤਰ ਨੰ: ਜੀ1/1(7) 2021245968 ਮਿਤੀ: 20/07/2021

ਵਿਸ਼ਾ: NAS-2021 ਲਈ ਜ਼ਿਲ੍ਹਾ ਮਾਨਸਾ ਦੇ ਸਰਕਾਰੀ/ਏਡਿਡ/ਨਵੋਦਿਆ/ਆਦਰਸ਼ ਸਕੂਲਾਂ ਦੇ ਮੁਖੀਆਂ ਨੂੰ ਬਲਾਕ ਪੱਧਰ ਤੇ ਟ੍ਰੇਨਿੰਗ ਦੇਣ ਸਬੰਧੀ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਸਮੂਹ ਸਕੂਲ ਮੁਖੀਆਂ ਨੂੰ ਲਿਖਿਆ ਜਾਂਦਾ ਹੈ ਕਿ ਨੈਸ਼ਨਲ ਅਚੀਵਮੈਂਟ ਸਰਵੇ 2021 ਦੇ 100% ਟੀਚੇ ਲਈ ਸਿੱਖਿਆ ਵਿਭਾਗ ਵੱਲੋਂ ਟ੍ਰੇਨਿੰਗਜ਼ ਸ਼ੁਰੂ ਕਰ ਦਿੱਤੀਆਂ ਗਈਆਂ ਹਨ। ਜਿਸਦੇ ਤਹਿਤ ਜ਼ਿਲ੍ਹਾ ਮਾਨਸਾ ਵਿੱਚ ਬਲਾਕ ਪੱਧਰ ਤੇ ਸਰਕਾਰੀ/ਏਡਿਡ/ਨਵੋਦਿਆ/ਆਦਰਸ਼ ਸਕੂਲਾਂ ਦੇ ਮੁਖੀਆਂ ਅਤੇ ਉਹਨਾਂ ਦੇ ਨਾਲ ਇੱਕ ਇੱਕ ਨੋਡਲ ਟੀਚਰ ਨੂੰ ਮਿਤੀ: 22/07/2021 ਨੂੰ ਟ੍ਰੇਨਿੰਗ ਦਿੱਤੀ ਜਾਣੀ ਹੈ। ਸਕੂਲ ਮੁਖੀ ਦਾ ਇਸ ਮੀਟਿੰਗ ਵਿੱਚ ਨਿੱਜੀ ਤੌਰ ਤੇ ਹਾਜ਼ਰ ਹੋਣਾ ਅਤਿ ਜ਼ਰੂਰੀ ਹੈ, ਕਿਸੇ ਵੀ ਸਕੂਲ ਮੁਖੀ ਦੀ ਛੁੱਟੀ/ਛੋਟ ਪ੍ਰਵਾਨ ਨਹੀਂ ਕੀਤੀ ਜਾਵੇਗੀ। ਸਕੂਲ ਮੁਖੀ ਆਪਣੀ ਥਾਂ ਤੇ ਕਿਸੇ ਵੀ ਹੋਰ ਕਰਮਚਾਰੀ ਨੂੰ ਨਾ ਭੇਜਣ। ਸੋ ਹੇਠ ਲਿਖੇ ਅਨੁਸਾਰ ਟ੍ਰੇਨਿੰਗ ਸਥਾਨ ਤੇ ਸਮੇਂ ਸਿਰ ਪਹੁੰਚਣਾ ਯਕੀਨੀ ਬਣਾਇਆ ਜਾਵੇ। ਇਹ ਟ੍ਰੇਨਿੰਗ ਬਲਾਕ ਪੱਧਰ ਤੇ ਬਣਾਈਆਂ ਗਈਆਂ ਟੀਮਾਂ ਵੱਲੋਂ ਦਿੱਤੀ ਜਾਣੀ ਹੈ।

| ਲੜੀ ਨੰ: | ਬਲਾਕ ਦਾ ਨਾਂ | ਸਕੂਲ ਮੁਖੀਆਂ ਦੀ ਕਿਸਮ | ਸਥਾਨ | ਸਮਾਂ | ਵਿਸ਼ੇਸ਼ ਕਥਨ |
|---|---|---|---|---|---|
| 1 | ਮਾਨਸਾ | ਸਰਕਾਰੀ/ਏਡਿਡ/ ਨਵੋਦਿਆ/ਆਦਰਸ਼ ਸਕੂਲਾਂ ਦੇ ਮੁਖੀ ਅਤੇ ਇੱਕ ਇੱਕ ਨੋਡਲ ਟੀਚਰ | ਸਸਸਸ (ਮੁੰਡੇ) ਮਾਨਸਾ. | ਸਵੇਰੇ 9:00 ਵਜੇ ਤੋਂ ਬਾਦ ਦੁਪਹਿਰ 4:00 ਵਜੇ ਤੱਕ | |
| 2 | ਬੁਢਲਾਡਾ | ਉਕਤ | ਸਸਸਸ (ਕੰ) ਬੁਢਲਾਡਾ | ਉਕਤ | |
| 3 | ਬਰੇਟਾ | ਉਕਤ | ਸਸਸਸ (ਮੁੰਡੇ) ਬਰੇਟਾ | ਉਕਤ | |
| 4 | ਝੁਨੀਰ | ਉਕਤ | ਸਸਸਸ ਝੁਨੀਰ | ਉਕਤ | |
| 5 | ਸਰਦੂਲਗੜ੍ਹ | ਉਕਤ | ਸਸਸਸ (ਮੁੰਡੇ) ਸਰਦੂਲਗੜ੍ਹ | ਉਕਤ | |

ਇਸ ਟ੍ਰੇਨਿੰਗ ਲਈ ਸਬੰਧਤ ਬਲਾਕ ਦੇ ਬੀ.ਐਨ.ਓ, ਬਲਾਕ ਕੋਆਰਡੀਨੇਟਰ ਹੋਣਗੇ। ਟ੍ਰੇਨਿੰਗ ਟੀਮ ਵਿੱਚ ਸ਼ਾਮਿਲ ਡੀ.ਐਮ., ਉਸ ਬਲਾਕ ਟ੍ਰੇਨਿੰਗ ਦੇ ਇੰਚਾਰਜ ਹੋਣਗੇ। ਡਾਇਟ ਬੁਢਲਾਡਾ ਵੱਲੋਂ ਪ੍ਰਿੰਸੀਪਲ ਡਾਇਟ ਦੇ ਨਾਲ ਸ੍ਰੀ ਗਿਆਨਦੀਪ ਸਿੰਘ ਲੈਕ: ਸਹਾਇਕ ਨੋਡਲ ਦੇ ਤੌਰ ਤੇ ਕੰਮ ਕਰਨਗੇ।

ਸਹੀ 20/07/21
ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ:ਸਿ:)
ਮਾਨਸਾ

ਪਿੱਠ ਅੰਕਣ ਨੰ: ਮਿਤੀ:ਮਾਨਸਾ: 20/07/2021

1. ਉਪਰੋਕਤ ਦਾ ਉਤਾਰਾ ਪ੍ਰਿੰਸੀਪਲ ਸਸਸਸ (ਮੁੰਡੇ) ਮਾਨਸਾ, ਸਸਸਸ (ਕੰ) ਬੁਢਲਾਡਾ, ਸਸਸਸ (ਮੁੰਡੇ) ਬਰੇਟਾ, ਸਸਸਸ ਝੁਨੀਰ ਅਤੇ ਸਸਸਸ (ਮੁੰਡੇ) ਸਰਦੂਲਗੜ੍ਹ ਨੂੰ ਭੇਜਕੇ ਲਿਖਿਆ ਜਾਂਦਾ ਹੈ ਕਿ ਉਕਤ ਟ੍ਰੇਨਿੰਗ ਲਈ ਲੋੜੀਂਦੇ ਮੁਕੰਮਲ ਪ੍ਰਬੰਧ ਕਰਨੇ ਯਕੀਨੀ ਬਣਾਏ ਜਾਣ।
2. ਬਲਾਕ ਪੱਧਰ ਟ੍ਰੇਨਿੰਗ ਟੀਮਾਂ ਨੂੰ ਸੂਚਨਾ ਅਤੇ ਅਗਲੇਰੀ ਲੋੜੀਂਦੀ ਕਾਰਵਾਈ ਲਈ ਭੇਜਿਆ ਜਾਂਦਾ ਹੈ।

ਸਹੀ 20/07/21
ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ:ਸਿ:)
ਮਾਨਸਾ

Scanned with CamScanner

Scanned with CamScanner